## ਮੈਂ ਮਰੀਜ਼ਾਂ ਦੀ ਦੇਖਭਾਲ ਦੀ ਕੁਆਲਿਟੀ ਦੇ ਦਫ਼ਤਰ ਨੂੰ ਕਿਵੇਂ ਸੰਪਰਕ ਕਰ ਸਕਦਾ ਹਾਂ?



**ਫ਼ੋਨ (ਮੁਫ਼ਤ):**
1-877-442-2001

**ਡਾਕ ਰਾਹੀਂ:**
Patient Care Quality Office
505 Doyle Avenue
Kelowna, BC V1Y0C5

**ਈਮੇਲ:**
PCQO@interiorhealth.ca

**ਫ਼ੈਕਸ:**
1-250-870-4670

**ਵਿਅਕਤੀਗਤ ਤੌਰ ਤੇ:**
ਵਿਅਕਤੀਗਤ ਤੌਰ ਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਨੂੰ ਮੁਲਾਕਾਤ ਲਈ ਫ਼ੋਨ ਕਰੋ

## ਆਪਣੀ ਦੇਖਭਾਲ ਦੇ ਤਜਰਬੇ ਸਾਂਝੇ ਕਰਨ ਲਈ ਕਦਮ:

**ਆਪਣੀ ਸੇਵਾ ਸੰਭਾਲ ਕਰਨ ਵਾਲੇ ਜਾਂ ਉਨ੍ਹਾਂ ਦੇ ਸੁਪਰਵਾਈਜ਼ਰ ਨਾਲ ਵਿਚਾਰ ਵਟਾਂਦਰਾ ਕਰੋ**

↓

**ਜੇ ਜਵਾਬ ਨਾਲ ਤਸੱਲੀ ਨਹੀਂ ਹੋਈ? ਜਾਂ ਉਨ੍ਹਾਂ ਨਾਲ ਵਿਚਾਰ ਸਾਂਝੇ ਕਰਨੇ ਸੁਰੱਖਿਅਤ ਮਹਿਸੂਸ ਨਹੀਂ ਕਰਦੇ?**

↓

**ਮਰੀਜ਼ਾਂ ਦੀ ਦੇਖਭਾਲ ਦੀ ਕੁਅਲਿਟੀ ਦੇ ਦਫ਼ਤਰ ਨੂੰ ਸੰਪਰਕ ਕਰੋ।**

↓

**ਸਾਡੇ ਜਵਾਬ ਨਾਲ ਤਸੱਲੀ ਨਹੀਂ ਹੋਈ?**

↓

**ਅਸੀਂ ਤੁਹਾਨੂੰ ਮਰੀਜ਼ਾਂ ਦੀ ਦੇਖਭਾਲ ਦੀ ਕੁਅਲਿਟੀ ਦੇ ਸਮੀਖਿਆ ਬੋਰਡ ਜਾਂ ਲੋਕਪਾਲ ਨੂੰ ਸੰਪਰਕ ਕਰਨ ਲਈ ਜਾਣਕਾਰੀ ਦਿਆਂਗੇ।**

**825105** Aug 13-22 - Punjabi

Interior Health

# ਦੇਖਭਾਲ ਦੀ ਕੁਆਲਿਟੀ ਬਾਰੇ ਚਿੰਤਤ ਹੋ? ਸਾਨੂੰ ਦੱਸੋ।

## Concerned about quality of care? Let us know.



## ਮਰੀਜ਼ਾਂ ਦੀ ਦੇਖਭਾਲ ਦੀ ਕੁਆਲਿਟੀ ਦਾ ਦਫ਼ਤਰ

## ਤੁਹਾਨੂੰ ਸੁਰੱਖਿਅਤ ਅਤੇ ਮਿਆਰੀ ਸਿਹਤਸੰਭਾਲ ਦਾ ਹੱਕ ਹੈ ਜੋ ਨਸਲਵਾਦ ਅਤੇ ਵਿਤਕਰੇ ਤੋਂ ਮੁਕਤ ਹੋਵੇ।

## ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨ ਨਾਲ ਤੁਹਾਡੀ ਸਿਹਤ ਸੰਭਾਲ ਜਾਂ ਸੇਵਾਵਾਂ ਤੇ ਕੋਈ ਅਸਰ ਨਹੀਂ ਪਵੇਗਾ।

ਇੰਟੀਰੀਅਰ ਹੈਲਥ ਉੱਚੇ ਮਿਆਰ ਦੀ ਦੇਖਭਾਲ ਸਨਮਾਨਯੋਗ ਅਤੇ ਸੁਰੱਖਿਅਤ ਮਹੌਲ ਵਿਚ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਤੁਹਾਡੇ ਵਿਚਾਰ ਸਾਡੇ ਲਈ ਤੋਹਫ਼ਾ ਹਨ ਜੋ ਸਾਨੂੰ ਆਪਣੀਆਂ ਸੇਵਾਵਾਂ ਵਿਚ ਸੁਧਾਰ ਕਰਨ ਲਈ ਮਦਦ ਕਰਦੇ ਹਨ।

## ਤੁਹਾਡੇ ਲਈ ਸਾਡੀ ਵਚਨਬੱਧਤਾ

ਤੁਹਾਡੇ ਪ੍ਰਤੀ ਸਾਡੀ ਵਚਨਬੱਧਤਾ ਸਭਿਆਚਾਰਕ ਸੁਰੱਖਿਆ (ਆਦਰਯੋਗ ਮੇਲ ਮਿਲਾਪ) ਅਤੇ ਸਭਿਆਚਾਰ ਨਿਮਰਤਾ ਰਾਹੀਂ ਪਰਗਟ ਹੋਵੇਗੀ।

ਅਸੀਂ ਤੁਹਾਨੂੰ ਬੁਲਾਉਣ ਲਈ ਤੁਹਾਡੀ ਪਸੰਦ ਵਾਲੇ ਨਾਮ ਜਾਂ ਪੜਨਾਂਵ ਦੀ ਵਰਤੋਂ ਕਰਾਂਗੇ।

## ਤੁਸੀਂ ਜਦੋਂ ਸਾਨੂੰ ਸੰਪਰਕ ਕਰਦੇ ਹੋ ਤਾਂ ਤੁਸੀਂ ਕੀ ਉਮੀਦ ਕਰ ਸਕਦੇ ਹੋ

ਸਾਡਾ ਉਦੇਸ਼ ਹੋਵੇਗਾ ਕਿ:

- ਤੁਹਾਡੀ ਚਿੰਤਾ ਨੂੰ ਦੋ ਦਫ਼ਤਰੀ ਦਿਨਾਂ ਅੰਦਰ ਸਵੀਕਾਰ ਕਰੀਏ
- ਤੁਹਾਡੀ ਗੱਲਬਾਤ ਅਤੇ ਤਜਰਬੇ ਨੂੰ ਧਿਆਨ ਨਾਲ ਸੁਣੀਏ
- ਤੁਹਾਡੀਆਂ ਚਿੰਤਾਵਾਂ ਦਾ ਜਵਾਬ ਫ਼ੋਨ, ਈਮੇਲ, ਜਾਂ ਚਿੱਠੀ ਰਾਹੀਂ ਦੇਈਏ
- ਤੁਹਾਡੇ ਲਈ ਲਏ ਗਏ ਫ਼ੈਸਲਿਆਂ ਜਾਂ ਕਾਰਵਾਈਆਂ ਦੇ ਕਾਰਨਾਂ ਬਾਰੇ ਜਾਂ ਤੁਹਾਡੀ ਦੇਖਭਾਲ ਦੇ ਸੁਧਾਰ ਲਈ ਕੀਤੀਆਂ ਤਬਦੀਲੀਆਂ ਬਾਰੇ ਤੁਹਾਨੂੰ ਦੱਸੀਏ।

## ਹੋਰ ਕਿਸੇ ਦੀ ਤਰਫ਼ੋਂ ਚਿੰਤਾ ਸਾਂਝੀ ਕਰਨੀ

ਤੁਸੀਂ ਕਿਸੇ ਹੋਰ ਨੂੰ ਮਿਲ ਰਹੀ ਦੇਖਭਾਲ ਬਾਰੇ ਚਿੰਤਾ ਸਾਂਝੀ ਕਰ ਸਕਦੇ ਹੋ।

ਅਸੀਂ ਤੁਹਾਡੇ ਨਾਲ ਮਿਲ ਕੇ ਇਹ ਸੁਨਿਸ਼ਚਿਤ ਕਰਾਂਗੇ ਕਿ ਕੋਈ ਕਦਮ ਚੁੱਕਣ ਤੋਂ ਪਹਿਲਾਂ ਸਾਨੂੰ ਉਨ੍ਹਾਂ ਦੀ ਸਹਿਮਤੀ ਪ੍ਰਾਪਤ ਹੈ।

## ਆਦਿਵਾਸੀ ਸਵੈ ਪਛਾਣ

ਅਸੀਂ ਤੁਹਾਨੂੰ ਆਦਿਵਾਸੀ ਹੋਣ ਲਈ ਸਵੈ ਪਛਾਣ ਕਰਨ ਲਈ ਕਹਾਂਗੇ। ਇਹ ਜਾਣਕਾਰੀ ਇਹ ਸੁਨਿਸ਼ਚਿਤ ਕਰਨ ਵਿਚ ਸਾਡੀ ਮਦਦ ਕਰੇਗੀ ਕਿ ਸਾਡਾ ਪ੍ਰੋਗਰਾਮ ਆਦਿ ਵਾਸੀ ਲੋਕਾਂ ਦੀ ਪਸੰਦ, ਲੋੜ ਅਤੇ ਕਦਰਾਂ ਕੀਮਤਾਂ ਦੇ ਮੁਤਾਬਿਕ ਹੈ।

ਸਵੈ ਪਛਾਣ ਬਿਲਕੁਲ ਸਵੈ ਇੱਛਿਤ ਹੈ। ਜੇ ਤੁਸੀਂ ਜਵਾਬ ਨਹੀਂ ਦੇਣਾ ਚਾਹੁੰਦੇ ਤਾਂ ਵੀ ਤੁਹਾਡੀ ਸੇਵਾ ਸੰਭਾਲ ਦੀ ਕੁਆਲਿਟੀ ਤੇ ਕੋਈ ਅਸਰ ਨਹੀਂ ਪੈਂਦਾ ਅਤੇ ਅਸੀਂ ਤੁਹਾਡੀ ਚਿੰਤਾ ਨੂੰ ਸਵੀਕਾਰ ਕਰਾਂਗੇ।

## ਇੱਕ ਅਗਿਆਤ ਚਿੰਤਾ ਨੂੰ ਸਾਂਝਾ ਕਰਨਾ

ਅਸੀਂ ਸਮਝਦੇ ਹਾਂ ਕਿ ਕਿਸੇ ਚਿੰਤਾ ਨੂੰ ਜ਼ਾਹਿਰ ਕਰਨਾ ਤੁਸੀਂ ਸੁਰੱਖਿਅਤ ਨਹੀਂ ਸਮਝਦੇ ਹੋਵੋਗੇ।

ਤੁਹਾਡੀ ਪਛਾਣ ਦਾ ਪਤਾ ਨਾ ਹੋਣਾ ਪੂਰੀ ਤਰ੍ਹਾਂ ਜਾਂਚ ਕਰਨ ਦੀ ਸਾਡੀ ਯੋਗਤਾ ਸੀਮਤ ਹੋ ਸਕਦੀ ਹੈ, ਪਰ ਫਿਰ ਵੀ ਸੁਧਾਰਾਂ ਲਈ ਅਸੀਂ ਤੁਹਾਡੇ ਵਿਚਾਰਾਂ ਦਾ ਸਵਾਗਤ ਕਰਦੇ ਹਾਂ।